# Visit of External Affairs Minister to Maldives and Sri Lanka (March 26-30, 2022)

March 26, 2022

........................

## ਵਿਦੇਸ਼ ਮੰਤਰੀ ਵੱਲੋਂ ਮਾਲਦੀਵ ਅਤੇ ਸ਼੍ਰੀਲੰਕਾ ਦਾ ਦੌਰਾ (26-30 ਮਾਰਚ, 2022)

26 ਮਾਰਚ, 2022

1. ਮਾਲਦੀਵ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਬਦੁੱਲਾ ਸ਼ਾਹਿਦ ਅਤੇ ਸ਼੍ਰੀਲੰਕਾਈ ਵਿਦੇਸ਼ ਮੰਤਰੀ ਪ੍ਰੋ. ਜੀ.ਐਲ.ਪ੍ਰੇਰਿਸ ਦੇ ਸੱਦਿਆਂ 'ਤੇ ਵਿਦੇਸ਼ ਮੰਤਰੀ (EAM) ਡਾ. ਐੱਸ. ਜੈਸ਼ੰਕਰ 26-30 ਮਾਰਚ 2022 ਤੱਕ ਮਾਲਦੀਵ ਅਤੇ ਸ਼੍ਰੀਲੰਕਾ ਦਾ ਅਧਿਕਾਰਤ ਦੌਰਾ ਕਰਨਗੇ।

2. ਵਿਦੇਸ਼ ਮੰਤਰੀ ਮਾਲਦੀਵ (26-27 ਮਾਰਚ) ਦੇ ਅੱਡੂ ਸ਼ਹਿਰ ਦਾ ਦੌਰਾ ਕਰਨਗੇ, ਜਿਸ ਦੌਰਾਨ ਉਹ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲਿਹ ਨਾਲ ਮੁਲਾਕਾਤ ਕਰਨਗੇ ਅਤੇ ਵਿਦੇਸ਼ ਮੰਤਰੀ ਅਬਦੁੱਲਾ ਸ਼ਾਹਿਦ ਨਾਲ ਚਰਚਾ ਕਰਨਗੇ। ਵਿਦੇਸ਼ ਮੰਤਰੀ ਦੀ ਯਾਤਰਾ ਦੌਰਾਨ ਦੁਵੱਲੇ ਵਿਕਾਸ ਸਹਿਯੋਗ ਨਾਲ ਸਬੰਧਤ ਕਈ ਸਮਝੌਤਿਆਂ ਤੇ ਹਸਤਾਖਰ ਹੋਣਗੇ ਅਤੇ ਕਈ ਪ੍ਰਮੁੱਖ ਭਾਰਤ-ਸਮਰਥਿਤ ਪ੍ਰੋਜੈਕਟਾਂ ਦੇ ਉਦਘਾਟਨ/ਸਪੁਰਦਗੀ ਅਤੇ ਸ਼ੁਰੂਆਤ ਹੋਵੇਗੀ, ਜੋ ਮਾਲਦੀਵ ਦੇ ਸਮਾਜਿਕ-ਆਰਥਿਕ ਵਿਕਾਸ ਅਤੇ ਇਸਦੀ ਸੁਰੱਖਿਆ ਵਿੱਚ ਯੋਗਦਾਨ ਪਾਉਣਗੇ|

3. ਵਿਦੇਸ਼ ਮੰਤਰੀ ਦੀ ਸ਼੍ਰੀਲੰਕਾ ਫੇਰੀ (28-30 ਮਾਰਚ) ਸ਼੍ਰੀਲੰਕਾਈ ਵਿੱਤ ਮੰਤਰੀ ਮਹਾਮਹਿਮ ਸ਼੍ਰੀ ਬੇਸਿਲ ਰਾਜਪਕਸ਼ੇ ਵੱਲੋਂ ਦਸੰਬਰ, 2021 ਅਤੇ ਇਸ ਮਹੀਨੇ ਦੇ ਸ਼ੁਰੂ ਵਿੱਚ ਕੀਤੀ ਯਾਤਰਾ ਅਤੇ ਸ਼੍ਰੀਲੰਕਾਈ ਵਿਦੇਸ਼ ਮੰਤਰੀ ਪ੍ਰੋ. ਜੀ.ਐਲ.ਪ੍ਰੇਰਿਸ ਵੱਲੋਂ ਫਰਵਰੀ, 2022 ਵਿੱਚ ਕੀਤੀ ਗਈ ਯਾਤਰਾ ਤੋਂ ਬਾਅਦ ਹੋ ਰਹੀ ਹੈ| ਸ਼੍ਰੀਲੰਕਾ ਵਿੱਚ ਹੋਣ ਵਾਲੀਆਂ ਵਿਦੇਸ਼ ਮੰਤਰੀ ਦੀਆਂ ਦੁਵੱਲੀਆਂ ਮੀਟਿੰਗਾਂ ਅਤੇ ਗੱਲਬਾਤ ਸ਼੍ਰੀਲੰਕਾ ਵੱਲੋਂ ਭਾਰਤ ਨੂੰ ਦਿੱਤੇ ਜਾਣ ਵਾਲੇ ਤਰਜੀਹ ਨੂੰ ਉਜਾਗਰ ਕਰਦੀ ਹੈ।

4. ਸ਼੍ਰੀਲੰਕਾ ਵਿੱਚ ਆਪਣੇ ਠਹਿਰਨ ਦੌਰਾਨ ਵਿਦੇਸ਼ ਮੰਤਰੀ ਕੋਲੰਬੋ ਵਿੱਚ 29 ਮਾਰਚ, 2022 ਨੂੰ ਬਿਮਸਟੇਕ ਮੰਤਰੀ ਪੱਧਰ ਦੀ ਮੀਟਿੰਗ ਵਿੱਚ ਵੀ ਹਿੱਸਾ ਲੈਣਗੇ।

5. ਮਾਲਦੀਵ ਅਤੇ ਸ਼੍ਰੀਲੰਕਾ ਦੋਵੇਂ ਹਿੰਦ ਮਹਾਸਾਗਰ ਖੇਤਰ ਵਿੱਚ ਭਾਰਤ ਦੇ ਪ੍ਰਮੁੱਖ ਸਮੁੰਦਰੀ ਗੁਆਂਢੀ ਹਨ ਅਤੇ ਪ੍ਰਧਾਨ ਮੰਤਰੀ ਦੇ 'ਸਾਗਰ' ਅਤੇ 'ਨੇਬਰਹੁੱਡ ਫਸਟ' ਦੇ ਨਜ਼ਰੀਏ ਵਿੱਚ ਖਾਸ ਥਾਂ ਰੱਖਦੇ ਹਨ। ਵਿਦੇਸ਼ ਮੰਤਰੀ ਦੀ ਯਾਤਰਾ ਭਾਰਤ ਵੱਲੋਂ ਮਾਲਦੀਵ ਅਤੇ ਸ਼੍ਰੀਲੰਕਾ ਨਾਲ ਆਪਣੇ ਨੇੜਲੇ ਅਤੇ ਦੋਸਤਾਨਾ ਸਬੰਧਾਂ ਨੂੰ ਦਿੱਤੇ ਜਾਣ ਵਾਲੀ ਮਹੱਤਤਾ ਦਾ ਸਬੂਤ ਹੈ।

ਨਵੀਂ ਦਿੱਲੀ<br>
26 ਮਾਰਚ, 2022

DISCLAIMER: This is an approximate translation. The original is available in English on MEA’s website and may be referred to as the official press release.